BC Centre for Disease Control
Provincial Health Services Authority

Clinical Prevention Services
Provincial STI/HIV Clinic

655 West 12th Avenue
Vancouver, BC V5Z 4R4

Tel 604.707.5600
Fax 604.707.5604

www.bccdc.ca
www.SmartSexResource.com

# ਆਤਸ਼ਕ (ਸਿਫ਼ਲਿਸ) ਦੇ ਟ੍ਰੀਟਮੈਂਟ ਲਈ ਪੈਨੇਸੀਲਿਨ ਜੀ ਬੈਨਜ਼ਾਥਾਈਨ (ਬਿਸੀਲਿਨ ਐੱਲ.ਏ. – Bicillin® L-A) Penicillin G Benzathine (Bicillin® L-A) for Treatment of Syphilis

**ਲੰਮੇ ਸਮੇਂ ਤਕ ਅਸਰ ਕਰਨ ਵਾਲੀ ਪੈਨੇਸੀਲਿਨ ਜੀ ਬੈਨਜ਼ਾਥਾਈਨ (ਬਿਸੀਲਿਨ ਐੱਲ.ਏ. – Bicillin® L-A)** ਸਿਫ਼ਲਿਸ ਵਾਸਤੇ ਤਰਜੀਹੀ ਐਂਟੀਬਾਇਓਟਿਕ ਟ੍ਰੀਟਮੈਂਟ ਹੈ। ਹਰ ਖ਼ੁਰਾਕ ਵਾਸਤੇ ਮਾਸਪੇਸ਼ੀਆਂ ਵਿੱਚ ਦੋ ਟੀਕੇ ਲਗਾਏ ਜਾਂਦੇ ਹਨ, ਇੱਕੋ ਫ਼ੇਰੀ ਦੌਰਾਨ ਹਰ ਇੱਕ ਚਿੱਤੜ (ਮਨਪਸੰਦ ਜਗ੍ਹਾ) ਵਿਚ ਇੱਕ ਇੱਕ ਟੀਕਾ ਲਗਾਇਆ ਜਾਂਦਾ ਹੈ।

**ਬਿਸੀਲਿਨ ਐੱਲ.ਏ. (Bicillin® L-A) 2.4 ਮਿਲੀਅਨ ਯੂਨਿਟ ਦੀ ਇੱਕ ਖ਼ੁਰਾਕ** ਆਮ ਤੌਰ 'ਤੇ ਸਿਫ਼ਲਿਸ ਦੇ ਇਲਾਜ ਲਈ ਕਾਫ਼ੀ ਹੁੰਦੀ ਹੈ। ਪਰ ਜੇ ਇਨਫ਼ੈਕਸ਼ਨ ਇੱਕ ਸਾਲ ਤੋਂ ਵੱਧ ਸਮੇਂ ਲਈ ਜਾਂ ਅਣਜਾਣੇ ਸਮੇਂ ਤੋਂ ਚਲਦੀ ਆ ਰਹੀ ਹੈ ਤਾਂ ਬਿਸੀਲਿਨ ਐੱਲ.ਏ. (Bicillin® L-A) 2.4 ਮਿਲੀਅਨ ਯੂਨਿਟ ਦੀਆਂ ਜ਼ਿਆਦਾ ਖ਼ੁਰਾਕਾਂ ਦੀ ਲੋੜ ਪੈ ਸਕਦੀ ਹੈ; ਇਹ ਟੀਕੇ ਤਿੰਨ ਹਫ਼ਤਿਆਂ ਲਈ ਹਰ ਹਫ਼ਤੇ ਵਿੱਚ ਇੱਕ ਵਾਰੀ ਲਗਾਏ ਜਾਂਦੇ ਹਨ।

## ਐਲਰਜੀਆਂ (Allergies)

- ਜੇ ਤੁਹਾਨੂੰ ਪੈਨਸਿਲੀਨ ਜਿਵੇਂ ਕਿ ਪੈਨਸਿਲਿਨ ਵੀ-ਕੇ, ਐਮੌਕਸੀਲਿਨ (Amoxil® – ਐਮੌਕਸਿਲ), ਜਾਂ ਸੈਫਲੋਸਪੋਰੀਨ (ਜਿਵੇਂ ਕਿ ਸੇਫਿਕਸੀਨ (ਸੁਪਰੈਕਸ), ਸੇਫਾਲੈਕਸੀਨ ( ਕੀਫਲੈਕਸ), ਸੀਫੈਕਟਰ (ਸ਼ੈਕਲੋਰ) ਤੋਂ ਐਂਟੀਬਾਇਟਕ ਐਲਰਜੀ ਹੈ ਤਾਂ ਆਪਣੀ ਸਿਹਤ ਸੰਭਾਲ ਕਰਨ ਵਾਲੇ ਨੂੰ ਦੱਸੋ।

## ਗਰਭਕਾਲ ਅਤੇ ਆਪਣਾ ਦੁੱਧ ਚੁੰਘਾਉਣਾ (Pregnancy and Chest/Breastfeeding)

- ਜੇ ਤੁਸੀਂ ਬੱਚੇ ਨੂੰ ਆਪਣਾ ਦੁੱਧ ਚੁੰਘਾਉਂਦੇ ਹੋ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ।
- ਜੇ ਗਰਭਵਤੀ ਹੋਣ ਜਾਂ ਬੱਚੇ ਨੂੰ ਆਪਣਾ ਦੁੱਧ ਚੁੰਘਾਉਣ ਦੌਰਾਨ ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੀ ਜਾਂਦੀ ਹੈ ਤਾਂ ਤੁਹਾਨੂੰ ਟ੍ਰੀਟਮੈਂਟ ਮਿਲਣਾ ਬਹੁਤ ਮਹੱਤਵਪੂਰਣ ਹੈ।
- ਜੇ ਤੁਹਾਡਾ ਅੱਧਾ ਗਰਭਕਾਲ ਪੂਰਾ ਹੋ ਜਾਣ ਤੋਂ ਬਾਅਦ ਤੁਹਾਡਾ ਸਿਫ਼ਲਿਸ ਟ੍ਰੀਟਮੈਂਟ ਕੀਤਾ ਜਾ ਰਿਹਾ ਹੈ ਤਾਂ ਧਿਆਨ ਦੇਣ ਯੋਗ ਵਿਸ਼ੇਸ਼ ਚੀਜ਼ਾਂ ਬਾਰੇ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਵਿਚਾਰ-ਵਟਾਂਦਰਾ ਕਰੋ।

## ਸਾਵਧਾਨੀ (CAUTION)

- **ਦੂਜੀਆਂ ਦਵਾਈਆਂ ਉੱਪਰ ਪ੍ਰਭਾਵ:** ਇਸ ਦਸਤਾਵੇਜ਼ ਵਿੱਚ ਹਰ ਕਿਸਮ ਦੀ ਦਵਾਈ ਉੱਪਰ ਪੈਣ ਵਾਲੇ ਪ੍ਰਭਾਵਾਂ ਬਾਰੇ ਨਹੀਂ ਦੱਸਿਆ ਗਿਆ। ਜੇ ਤੁਸੀਂ ਕੋਈ ਪ੍ਰਿਸਕ੍ਰਿਪਸ਼ਨ, ਗ਼ੈਰ-ਪ੍ਰਿਸਕ੍ਰਿਪਸ਼ਨ, ਹਰਬਲ, ਜਾਂ ਮਨ-ਪਰਚਾਵੇ ਵਾਲੇ ਕੋਈ ਉਤਪਾਦ ਇਸਤੇਮਾਲ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ।

## ਟ੍ਰੀਟਮੈਂਟ ਤੋਂ ਬਾਅਦ ਦੇਖਭਾਲ (Care Following Treatment)

- ਬਿਸੀਲਿਨ- ਐਲ.ਏ. ਦੇ ਟੀਕੇ ਲਗਾਉਣ ਤੋਂ ਬਾਅਦ ਤੁਹਾਨੂੰ ਕਲੀਨਿਕ ਵਿੱਚ 15 ਮਿੰਟਾਂ ਲਈ ਇੰਤਜ਼ਾਰ ਕਰਨ ਵਾਸਤੇ ਕਿਹਾ ਜਾਵੇਗਾ।
- ਟ੍ਰੀਟਮੈਂਟ ਤੋਂ ਬਾਅਦ ਜੇ ਤੁਹਾਡੇ ਵਿੱਚ ਕੋਈ ਰੀਐਕਸ਼ਨ ਹੋਵੇ (ਜਿਵੇਂ ਕਿ ਧੱਫੜ, ਖਾਜ, ਜਾਂ ਸਾਹ ਲੈਣ ਵਿੱਚ ਮੁਸ਼ਕਲ) ਤਾਂ ਕਿਰਪਾ ਕਰਕੇ ਤੁਰੰਤ ਕਿਸੇ ਸਟਾਫ਼ ਮੈਂਬਰ ਨੂੰ ਸੂਚਿਤ ਕਰੋ।
- ਜੇ ਕਲੀਨਿਕ ਤੋਂ ਜਾਣ ਮਗਰੋਂ ਇਹ ਲੱਛਣ ਸਾਹਮਣੇ ਆਉਣ ਤਾਂ ਤੁਰੰਤ ਐਮਰਜੈਂਸੀ ਦੇਖਭਾਲ ਹਾਸਲ ਕਰੋ।



Provincial Health Services Authority
Province-wide solutions. Better health.
ACCREDITED • AGRÉÉ • CCHSA • CCASS
*A research and teaching centre affiliated with UBC*

# ਆਤਸ਼ਕ (ਸਿਫ਼ਲਿਸ) ਦੇ ਟ੍ਰੀਟਮੈਂਟ ਲਈ ਪੈਨੇਸੀਲਿਨ ਜੀ ਬੈਨਜ਼ਾਥਾਈਨ (ਬਿਸੀਲਿਨ ਐੱਲ.ਏ. – Bicillin® L-A) (ਚਲਦਾ)
## Penicillin G Benzathine (Bicillin® L-A) for Treatment of Syphilis (cont'd)

## ਮਾੜੇ ਪ੍ਰਭਾਵ (Side Effects)

- ਟੀਕੇ ਵਾਲੀ ਥਾਂ 'ਤੇ ਤੁਹਾਨੂੰ ਥੋੜ੍ਹਾ ਸਮਾਂ ਰਹਿਣ ਵਾਲਾ ਮਾਮੂਲੀ ਦਰਦ ਹੋ ਸਕਦਾ ਹੈ।
- ਟ੍ਰੀਟਮੈਂਟ ਤੋਂ ਬਾਅਦ ਤੁਹਾਨੂੰ ਦਸਤ ਲੱਗ ਸਕਦੇ ਹਨ।
- **ਜੈਰਿਸ਼-ਹਰਕਜ਼ਹਾਈਮਰ ਰੀਐਕਸ਼ਨ:** ਬੁਖ਼ਾਰ, ਕਾਂਬਾ ਛਿੜਨਾ, ਸਿਰ ਦਰਦ, ਜਾਂ ਥਕਾਵਟ।
    - ਜੈਰਿਸ਼-ਹਰਕਜ਼ਹਾਈਮਰ ਰੀਐਕਸ਼ਨ ਥੋੜ੍ਹਾ ਸਮਾਂ ਰਹਿਣ ਵਾਲੇ ਮਾੜੇ ਪ੍ਰਭਾਵਾਂ ਦਾ ਇੱਕ ਸਮੂਹ ਹੁੰਦਾ ਹੈ ਜੋ ਸਿਫ਼ਲਿਸ ਦੇ ਟ੍ਰੀਟਮੈਂਟ ਤੋਂ ਬਾਅਦ ਕੁਝ ਘੰਟਿਆਂ ਦੇ ਅੰਦਰ-ਅੰਦਰ ਵਾਪਰ ਸਕਦਾ ਹੈ; ਪਰ ਸਭ ਨੂੰ ਇਹ ਰੀਐਕਸ਼ਨ ਨਹੀਂ ਹੋਵੇਗਾ।
    - ਚਿੰਤਾ ਨਾ ਕਰੋ, **ਇਹ ਕੋਈ ਐਲਰਜਿਕ ਪ੍ਰਤੀਕਰਮ ਨਹੀਂ ਹੈ** ਅਤੇ ਆਮ ਤੌਰ 'ਤੇ 24 ਘੰਟੇ ਦੇ ਅੰਦਰ-ਅੰਦਰ ਖ਼ਤਮ ਹੋ ਜਾਂਦਾ ਹੈ।
    - ਲੱਛਣਾਂ ਵਿੱਚ ਰਾਹਤ ਲਈ ਤੁਸੀਂ ਅਸੀਟਾਮਿਨੋਫ਼ੇਨ (ਟਾਇਲੇਨੌਲ – Tylenol®) ਜਾਂ ਆਈਬੁਪ੍ਰੋਫ਼ਿਨ (ਐਡਵਿਲ – Advil®) ਲੈ ਸਕਦੇ ਹੋ।
    - ਲੇਟ ਸਿਫ਼ਲਿਸ ਦੇ ਟ੍ਰੀਟਮੈਂਟ ਤੋਂ ਬਾਅਦ ਇਹ ਰੀਐਕਸ਼ਨ ਹੋਣ ਦੇ ਆਸਾਰ ਬਹੁਤ ਘੱਟ ਹੁੰਦੇ ਹਨ।
- ਜੇ ਇਨ੍ਹਾਂ ਵਿੱਚੋਂ ਕੋਈ ਵੀ ਪ੍ਰਭਾਵ ਜਾਰੀ ਰਹੇ ਜਾਂ ਬਦਤਰ ਹੋ ਜਾਵੇ ਤਾਂ ਕਿਰਪਾ ਕਰਕੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਅਰਲੀ ਸਿਫ਼ਲਿਸ ਬਨਾਮ ਲੇਟ ਸਿਫ਼ਲਿਸ (Early Syphilis vs Late Syphilis)

ਟ੍ਰੀਟਮੈਂਟ ਅਤੇ ਫ਼ਾਲੋ-ਅੱਪ ਸੰਬੰਧੀ ਸਿਫ਼ਾਰਿਸ਼ਾਂ ਇਸ ਗੱਲ ਉੱਪਰ ਨਿਰਭਰ ਕਰਦੀਆਂ ਹਨ ਕਿ ਸਿਫ਼ਲਿਸ ਦੀ ਇਨਫ਼ੈਕਸ਼ਨ ਤੁਹਾਡੇ ਸਰੀਰ ਅੰਦਰ ਕਦੋਂ ਤੋਂ ਮੌਜੂਦ ਹੈ। ਤੁਹਾਨੂੰ ਅਰਲੀ ਸਿਫ਼ਲਿਸ ਹੈ ਜਾਂ ਲੇਟ ਸਿਫ਼ਲਿਸ ਹੈ ਅਤੇ ਤੁਹਾਨੂੰ ਕਿਹੜੇ ਟ੍ਰੀਟਮੈਂਟ ਦੀ ਲੋੜ ਹੈ, ਇਸ ਬਾਰੇ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦੱਸੇਗਾ।

- **ਇਲਾਜ**
- **ਵਿਸ਼ੇਸ਼ ਹਿਦਾਇਤਾਂ**
- **ਸਾਥੀ ਦਾ ਫ਼ਾਲੋ-ਅੱਪ**
- **ਫ਼ਾਲੋ-ਅੱਪ ਟੈਸਟਿੰਗ**

**ਅਗਲੇ ਪੰਨੇ 'ਤੇ ਦਿੱਤਾ ਟੇਬਲ ਦੇਖੋ**

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ www.smartsexresource.com 'ਤੇ ਜਾਓ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

# ਸਿਫ਼ਲਿਸ ਦੇ ਟ੍ਰੀਟਮੈਂਟ ਲਈ ਪੈਨੇਸੀਲਿਨ ਜੀ ਬੈਨਜ਼ਾਥਾਈਨ (ਬਿਸੀਲਿਨ ਐੱਲ.ਏ. – Bicillin® L-A) (ਚਲਦਾ)
# Penicillin G Benzathine (Bicillin® L-A) for Treatment of Syphilis (cont'd)

| | ਅਰਲੀ ਸਿਫ਼ਲਿਸ EARLY SYPHILIS | ਲੇਟ ਲੇਟੈਂਟ ਸਿਫ਼ਲਿਸ LATE LATENT SYPHILIS |
|---|---|---|
| **ਪਰਿਭਾਸ਼ਾ** | • ਗੁਪਤ ਅੰਗ/ਚਿਹਰੇ ਉੱਪਰ ਛਾਲੇ ਜਾਂ ਧੱਫੜ ਜਿਹੇ ਲੱਛਣ ਹੋ ਸਕਦੇ ਹਨ।<br>• ਸੰਭਵ ਹੈ ਕਿ ਕੋਈ ਲੱਛਣ ਨਾ ਹੋਣ ਪਰ ਇਹ ਫ਼ਿਰ ਵੀ ਤੁਹਾਡੇ ਤੋਂ ਕਿਸੇ ਹੋਰ ਨੂੰ ਹੋ ਸਕਦੀ ਹੈ।<br>• ਇਨਫ਼ੈਕਸ਼ਨ ਕਿੰਨੀ ਦੇਰ ਰਹਿੰਦੀ ਹੈ: ਇੱਕ ਸਾਲ ਤੋਂ ਘੱਟ। | • "ਲੁਕਵੀਂ" ਇਨਫ਼ੈਸ਼ਨ ਜਿਸ ਵਿੱਚ ਕੋਈ ਲੱਛਣ ਵੀ ਨਹੀਂ ਹੁੰਦੇ ਅਤੇ ਇਹ ਤੁਹਾਡੇ ਤੋਂ ਅੱਗੇ ਫੈਲਦੀ ਵੀ ਨਹੀਂ, ਪਰ ਜੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਸ ਇਨਫ਼ੈਕਸ਼ਨ ਕਾਰਣ ਅੰਦਰੂਨੀ ਨੁਕਸਾਨ ਹੋ ਸਕਦਾ ਹੈ।<br>• ਇਨਫ਼ੈਕਸ਼ਨ ਕਿੰਨੀ ਦੇਰ ਰਹਿੰਦੀ ਹੈ: ਇੱਕ ਸਾਲ ਤੋਂ ਵੱਧ ਜਾਂ ਅਣਪਛਾਤੇ ਅਰਸੇ ਲਈ। |
| **ਟ੍ਰੀਟਮੈਂਟ** | • **ਬਿਸੀਲਿਨ ਐੱਲ.ਏ.–Bicillin® L-A 2.4 ਮਿਲੀਅਨ ਯੂਨਿਟ ਦੀ ਇੱਕ ਖ਼ੁਰਾਕ ਮਾਸਪੇਸ਼ੀਆਂ ਵਿਚ**<br>• 1.2 ਮਿਲੀਅਨ ਦੀ ਇੱਕ ਖ਼ੁਰਾਕ ਦੇ ਦੋਹਾਂ ਚਿੱਤੜਾਂ ਦੀ ਮਾਸਪੇਸ਼ੀਆਂ ਵਿੱਚ ਦੋ ਟੀਕੇ ਲਗਾਏ ਜਾਂਦੇ ਹਨ, ਇੱਕੋ ਫ਼ੇਰੀ ਦੌਰਾਨ ਇੱਕ ਇੱਕ ਟੀਕਾ ਲਗਾਇਆ ਜਾਂਦਾਂ ਹੈ।<br>• ਕੁਝ ਮਾਮਲਿਆਂ ਵਿੱਚ ਬਿਸੀਲਿਨ ਐੱਲ.ਏ. (Bicillin® L-A) ਦੀਆਂ ਵਧੇਰੇ ਖ਼ੁਰਾਕਾਂ ਦੇਣ ਦੀ ਲੋੜ ਪੈ ਸਕਦੀ ਹੈ ਜਿਵੇਂ ਕਿ ਗਰਭਵਤੀ ਔਰਤ ਨੂੰ, ਜਾਂ ਜਦੋਂ ਸਿਫ਼ਲਿਸ ਦੇ ਨਾਲ ਐੱਚ.ਆਈ.ਵੀ. ਇਨਫ਼ੈਕਸ਼ਨ ਵੀ ਹੋਈ ਹੋਵੇ।<br>• ਜੇ ਤੁਹਾਨੂੰ ਸਿਫ਼ਲਿਸ ਦੇ ਛਾਲੇ ਜਾਂ ਧੱਫੜ ਜਿਹੇ ਲੱਛਣ ਹੋਣ ਤਾਂ ਇਹ 2-4 ਹਫ਼ਤਿਆਂ ਦੇ ਅੰਦਰ-ਅੰਦਰ ਠੀਕ ਹੋ ਜਾਣੇ ਚਾਹੀਦੇ ਹਨ।<br>• ਜੇ ਇੰਨੇ ਸਮੇਂ ਦੇ ਅੰਦਰ-ਅੰਦਰ ਲੱਛਣ ਠੀਕ ਨਾ ਹੋਣ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ। | • **ਬਿਸੀਲਿਨ ਐੱਲ.ਏ. – Bicillin® L-A) 2.4 ਮਿਲੀਅਨ ਯੂਨਿਟ ਦੀਆਂ 3 ਖ਼ੁਰਾਕਾਂ ਜੋ 3 ਹਫ਼ਤਿਆਂ ਲਈ ਹਫ਼ਤੇ ਵਿੱਚ ਇੱਕ ਵਾਰੀ (7 ਦਿਨਾਂ ਦੀ ਵਿੱਥ 'ਤੇ) ਦਿੱਤੀ ਜਾਂਦੀ ਹੈ।**<br>• **1.2 ਮਿਲੀਅਨ ਯੂਨਿਟ ਦੀ** ਹਰ ਖ਼ੁਰਾਕ ਮਾਸਪੇਸ਼ੀਆਂ ਵਿੱਚ ਇੱਕੋ ਫ਼ੇਰੀ ਦੌਰਾਨ ਦੋਹਾਂ ਚਿੱਤੜਾਂ ਵਿਚ ਇੱਕ ਇੱਕ ਟੀਕਾ ਲਗਾਇਆ ਜਾਂਦਾਂ ਹੈ ।<br>• ਮੁਕੰਮਲ ਟ੍ਰੀਟਮੈਂਟ = 3 ਹਫ਼ਤਿਆਂ ਵਿੱਚ 7.2 ਮਿਲੀਅਨ ਯੂਨਿਟ। |
| **ਸਾਥੀ ਨੂੰ ਸੂਚਿਤ ਕਰਨਾ ਅਤੇ ਫ਼ਾਲੋ-ਅੱਪ** | • **ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੇ ਜਾਣ ਤੋਂ ਪਹਿਲਾਂ ਵਾਲੇ 3 ਮਹੀਨਿਆਂ ਦੌਰਾਨ ਤੁਹਾਡੇ ਕਾਮੁਕ ਸਾਥੀਆਂ ਨੂੰ ਅਰਲੀ ਸਿਫ਼ਲਿਸ ਦੇ ਪ੍ਰਭਾਵ ਹੇਠ ਆਏ ਵਿਅਕਤੀ ਵਜੋਂ ਟ੍ਰੀਟਮੈਂਟ, ਟੈਸਟਿੰਗ ਅਤੇ ਜਾਂਚ ਜ਼ਰੂਰੀ ਹੁੰਦੀ ਹੈ।**<br>• **ਤੁਹਾਡੇ ਵਿੱਚ ਸਿਫ਼ਲਿਸ ਦੀ ਪਛਾਣ ਕੀਤੇ ਜਾਣ ਤੋਂ ਪਹਿਲਾਂ ਵਾਲੇ 3 ਤੋਂ 12 ਮਹੀਨਿਆਂ ਦੌਰਾਨ ਰਹਿ ਚੁੱਕੇ ਤੁਹਾਡੇ ਕਾਮੁਕ ਸਾਥੀਆਂ ਲਈ ਟੈਸਟਿੰਗ ਅਤੇ ਜਾਂਚ ਕਰਵਾਉਣੀ ਜ਼ਰੂਰੀ ਹੁੰਦੀ ਹੈ।**<br>• ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਜਾਂ ਪਬਲਿਕ ਹੈਲਥ ਨਰਸ ਵੱਲੋਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਕਾਮੁਕ ਸਾਥੀਆਂ ਨੂੰ ਸੂਚਿਤ ਕਰਨ ਦੇ ਵਿਕਲਪਾਂ ਅਤੇ ਫ਼ਾਲੋ-ਅੱਪ ਬਾਰੇ ਗੱਲ-ਬਾਤ ਕੀਤੀ ਜਾਵੇਗੀ। | • ਜਿਸ ਵਿਅਕਤੀ ਵਿੱਚ ਸਿਫ਼ਲਿਸ ਦੀ ਪਛਾਣ ਕੀਤੀ ਗਈ ਹੈ ਉਸ ਦੇ **ਸਾਰੇ ਚਿਰਕਾਲੀਨ ਕਾਮੁਕ ਸਾਥੀ ਅਤੇ ਬੱਚਿਆਂ** ਲਈ **ਟੈਸਟਿੰਗ ਜ਼ਰੂਰੀ** (ਸਿਫ਼ਲਿਸ ਬਲੱਡ ਟੈਸਟ) ਹੁੰਦੀ ਹੈ।<br>• ਲੋੜੀਂਦੇ ਫ਼ਾਲੋ-ਅੱਪ ਦੀ ਪੁਸ਼ਟੀ ਵਾਸਤੇ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਜਾਂ ਪਬਲਿਕ ਹੈਲਥ ਨਰਸ ਵੱਲੋਂ ਤੁਹਾਡੇ ਨਾਲ ਸੰਪਰਕ ਕੀਤਾ ਜਾਵੇਗਾ। |
| **ਵਿਸ਼ੇਸ਼ ਹਿਦਾਇਤਾਂ** | • **ਆਪਣੇ ਟ੍ਰੀਟਮੈਂਟ ਤੋਂ ਬਾਅਦ 2 ਹਫ਼ਤੇ (14 ਦਿਨ) ਤਕ ਸੰਭੋਗ ਨਾ ਕਰੋ।**<br>• ਇਹ ਪੱਕਾ ਕਰੋ ਕਿ ਤੁਹਾਡੇ ਕਾਮੁਕ ਸਾਥੀ(ਆਂ), ਭਾਵ ਜਿਨ੍ਹਾਂ ਨਾਲ ਤੁਸੀਂ ਜਾਂ ਜਿਨ੍ਹਾਂ ਨੇ ਤੁਹਾਡੇ ਨਾਲ ਮੌਖਿਕ, ਗੁਦਾ ਰਹੀਂ ਜਾਂ ਯੋਨੀ ਰਾਹੀਂ ਸੰਭੋਗ ਕੀਤਾ ਹੈ, ਉਨ੍ਹਾਂ ਦਾ ਸਿਫ਼ਲਿਸ ਦਾ ਇਲਾਜ ਕੀਤਾ ਜਾਵੇ, ਭਾਵੇਂ ਉਨ੍ਹਾਂ ਦੇ ਟੈਸਟ ਨਤੀਜੇ ਨੈਗੇਟਿਵ (ਨਾਂਹ-ਪੱਖੀ) ਹੀ ਹੋਣ।<br>• ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸੋ ਜੇ ਤੁਸੀਂ:<br>  ○ ਕਿਸੇ ਅਜਿਹੇ ਸਾਥੀ ਨਾਲ ਸੰਭੋਗ ਕਰਦੇ ਹੋ ਜਿਸ ਦਾ ਇਲਾਜ ਨਹੀਂ ਕੀਤਾ ਗਿਆ ਜਾਂ ਆਪਣਾ ਜਾਂ ਆਪਣੇ ਸਾਥੀ ਦਾ ਟ੍ਰੀਟਮੈਂਟ ਮੁਕੰਮਲ ਹੋਣ ਤੋਂ ਪਹਿਲਾਂ ਸੰਭੋਗ ਕਰਦੇ ਹੋ। | • **ਆਪਣਾ ਟ੍ਰੀਟਮੈਂਟ ਸ਼ੁਰੂ ਕਰਨ ਤੋਂ 2 ਹਫ਼ਤੇ (14 ਦਿਨ) ਬਾਅਦ ਸੰਭੋਗ ਨਾ ਕਰੋ।**<br>ਇਨਫ਼ੈਕਸ਼ਨ ਦੇ ਇਲਾਜ ਅਤੇ ਗੁੰਝਲਾਂ ਦੀ ਰੋਕਥਾਮ ਲਈ ਪੂਰੇ ਤਿੰਨ ਹਫ਼ਤੇ ਦਾ ਟ੍ਰੀਟਮੈਂਟ ਮੁਕੰਮਲ ਕਰਨਾ ਬਹੁਤ ਮਹੱਤਵਪੂਰਣ ਹੈ। |
| **ਫ਼ਾਲੋ-ਅੱਪ ਬਲੱਡ ਟੈਸਟ** | • ਇਨਫ਼ੈਕਸ਼ਨ ਦੁਬਾਰਾ ਹੋਣ ਦੇ ਖ਼ਤਰੇ ਮੁਤਾਬਕ ਹਰ 3-6 ਮਹੀਨੇ ਬਾਅਦ। ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ-ਬਾਤ ਕਰੋ ਕਿ ਤੁਹਾਡੇ ਲਈ ਕਿੰਨੀ ਕਿੰਨੀ ਦੇਰ ਬਾਅਦ ਦੁਬਾਰਾ ਟੈਸਟ ਕਰਵਾਉਣਾ ਸਹੀ ਰਹੇਗਾ।<br>• ਨੋਟ: ਤੁਹਾਡਾ ਸਿਫ਼ਲਿਸ ਈ.ਆਈ.ਏ. ਟੈਸਟ ਆਮ ਤੌਰ 'ਤੇ ਇਲਾਜ ਤੋਂ ਬਾਅਦ ਵੀ ਤੁਹਾਡੀ ਸਾਰੀ ਉਮਰ ਲਈ ਪੌਜ਼ੀਟਿਵ (ਰੀਐਕਟਿਵ) ਰਹੇਗਾ। ਹਰ ਵਾਰ ਜਦੋਂ ਤੁਸੀਂ ਟੈੱਸਟ ਕਰਵਾਓਗੇ ਤਾਂ ਲੈਬ ਵਿਚ ਦੂਜਾ ਟੈੱਸਟ ਇਹ ਪਤਾ ਕਰਨ ਲਈ ਕੀਤਾ ਜਾਏਗਾ ਕਿ ਤੁਹਾਨੂੰ ਨਵੀਂ ਇਨਫ਼ੈਕਸ਼ਨ ਹੋਈ ਹੈ ਜਾਂ ਹੋਰ ਵਾਧੂ ਇਲਾਜ ਚਾਹੀਦਾ ਹੈ। ਤੁਹਾਡੀ ਸਿਹਤ ਸੰਭਾਲ ਕਰਨ ਵਾਲਾ ਤੁਹਾਨੂੰ ਹੋਰ ਸਿਫ਼ਾਰਸ਼ਾਂ ਕਰੇਗਾ। | • ਟ੍ਰੀਟਮੈਂਟ ਲਈ ਤੁਹਾਡੀ ਆਖ਼ਰੀ ਫ਼ੇਰੀ ਸਮੇਂ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਵੱਲੋਂ ਫ਼ਾਲੋ-ਅੱਪ ਟੈਸਟਿੰਗ ਸੰਬੰਧੀ ਸਿਫ਼ਾਰਿਸ਼ਾਂ ਬਾਰੇ ਗੱਲ-ਬਾਤ ਕੀਤੀ ਜਾਵੇਗੀ।<br>• ਨੋਟ: ਤੁਹਾਡਾ ਸਿਫ਼ਲਿਸ ਈ.ਆਈ.ਏ. ਟੈਸਟ ਆਮ ਤੌਰ 'ਤੇ ਤੁਹਾਡੀ ਸਾਰੀ ਉਮਰ ਲਈ ਪੌਜ਼ੀਟਿਵ (ਰੀਐਕਟਿਵ) ਰਹੇਗਾ। ਤੁਹਾਡੀ ਇਨਫ਼ੈਕਸ਼ਨ ਦਾ ਮੁਕੰਮਲ ਇਲਾਜ ਯਕੀਨੀ ਬਣਾਉਣ ਵਾਸਤੇ ਵਾਧੂ ਬਲੱਡ ਟੈਸਟ ਕੀਤੇ ਜਾਣਗੇ। |